**ਦਫ਼ਤਰ: ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
**-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ.ਓ. - 104-106, ਦੂਜੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 - ਏ, ਚੰਡੀਗੜ੍ਹ।**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸ਼ੈ.ਸਿ) (ਵੈਬਸਾਇਟ ਰਾਹੀਂ)
ਸਮੂਹ ਅੰਗ੍ਰੇਜ਼ੀ ਪ੍ਰੋਜੈਕਟ ਜ਼ਿਲ੍ਹਾ ਕੋਅਰਡੀਨੇਟਰ (ਵੈਬਸਾਇਟ ਰਾਹੀਂ)
ਸਮੂਹ ਜ਼ਿਲ੍ਹਾ ਮੈਥਸ ਕੋਅਰਡੀਨੇਟਰ (ਵੈਬਸਾਇਟ ਰਾਹੀਂ)
ਸਮੂਹ ਸਰਕਾਰੀ ਇਨ ਸਰਵਿਸ ਟ੍ਰੇਨਿੰਗ ਸੈਂਟਰ ਦੇ ਪ੍ਰਿੰਸੀਪਲ (ਵੈਬਸਾਇਟ ਰਾਹੀਂ)

**ਮੀਮੋ ਨੰ: ਸਸਅ/ਏ.ਐਸ.ਪੀ.ਡੀ(ਅੰਗ੍ਰੇਜ਼ੀ ਅਤੇ ਮੈਥਸ)/2011/17710-782**
**ਮਿਤੀ:08-03-2011**

**ਵਿਸ਼ਾ :- ਗੁਣਾਤਮਿਕ ਸੁਧਾਰ ਅੰਗ੍ਰੇਜ਼ੀ ਅਤੇ ਹਿਸਾਬ ਦੇ ਪ੍ਰੋਜੈਕਟ ਸਬੰਧੀ ।**

1. ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਗੁਣਾਤਮਿਕ ਸੁਧਾਰ ਅਧੀਨ Quality Improvement and Development of Maths and English Project ਸਾਲ 2010 ਵਿੱਚ ਸ਼ੁਰੂ ਕੀਤੇ ਗਏ ਸਨ।
2. ਇਹਨਾਂ ਪ੍ਰੋਜੈਕਟਾ ਅਧੀਨ 186 ਐਮ.ਐਮ.ਟੀ ਅਤੇ 256 ਈ.ਐਮ.ਟੀ ਬਤੌਰ ਮਾਸਟਰ ਟ੍ਰੇਨਰ ਕੰਮ ਕਰ ਰਹੇ ਹਨ।
3. 09-03-2011 ਤੋਂ 21-03-2011 ਤੱਕ ਸਲਾਨਾ ਪ੍ਰੀਖਿਆਵਾਂ ਹੋਣੀਆ ਹਨ। ਇਸ ਸਮੇਂ ਦੌਰਾਨ ਐਮ.ਐਮ.ਟੀਜ਼ ਅਤੇ ਈ.ਐਮ.ਟੀਜ਼ ਨੂੰ ਹਦਾਇਤਾਂ ਦਿੱਤੀਆਂ ਜਾਂਣੀਆ ਹਨ।
4. ਇਹ ਗੱਲ ਧਿਆਨ ਵਿੱਚ ਲਿਆਂਦੀ ਜਾ ਰਹੀ ਹੈ ਕਿ ਕੁੱਝ ਐਮ.ਐਮ.ਟੀਜ਼ ਅਤੇ ਈ.ਐਮ.ਟੀਜ਼ ਦੀਆਂ ਪ੍ਰੀਖਿਆ ਦੌਰਾਨ ਡਿਊਟੀਆਂ ਲਗਾਈਆਂ ਜਾ ਰਹੀਆਂ ਹਨ, ਹਾਲਾਕਿ ਸਾਰੇ ਐਮ.ਐਮ.ਟੀਜ਼ ਦੀ ਮਿਤੀ 07-03-2011 ਤੋਂ 28-03-2011 ਤੱਕ ਟੀਚਰ ਟ੍ਰੇਨਿੰਗ ਕੋਮਪੋਨੈਂਟ ਵੱਲੋਂ 3 ਬੈਚਾਂ ਵਿੱਚ ਕੰਪਿਊਟਰ ਟ੍ਰੇਨਿੰਗ ਮੋਹਾਲੀ ਅਕੈਡਮੀ ਅਤੇ ਨੌਰਾ ਅਕੈਡਮੀ ਵਿਖੇ ਦਿੱਤੀ ਜਾ ਰਹੀ ਹੈ।
5. ਸਮੂਹ ਡੀ.ਐਮ.ਸੀਜ਼, ਐਮ.ਐਮ.ਟੀਜ਼, ਈ.ਪੀ.ਡੀ.ਸੀਜ਼ ਅਤੇ ਈ.ਐਮ.ਟੀਜ਼ ਵੱਲੋਂ ਸਾਲ 2011-12 ਦੀ ਤਿਆਰੀ, ਐਕਸ਼ਨ ਪਲਾਨ ਅਤੇ ਟ੍ਰੇਨਿੰਗ ਮੁੱਖ ਦਫਤਰ ਵੱਲੋਂ ਦਿੱਤੀ ਜਾਣੀ ਹੈ, ਜਿਸ ਦੌਰਾਨ ਹੇਠ ਲਿਖੀਆਂ ਗੱਲਾਂ ਤੇ ਮੁੱਖ ਫੋਕਸ ਰਹੇਗਾ।

a) <u>Preparation of District Resource Group for English and Maths</u>

EPDC_ਅਤੇ DMC ਆਪਣੇ ਜ਼ਿਲ੍ਹੇ ਲਈ ਆਪਣੇ ਪੱਧਰ ਤੇ ਮਿਤੀਆਂ ਅਤੇ ਸਥਾਨ ਨਿਸ਼ਚਿਤ ਕਰਕੇ EMTs ਅਤੇ MMTs ਦਾ ਟੀਚਰ ਟ੍ਰੇਨਿੰਗ ਲਈ Distt Resource Group ਤਿਆਰ ਕਰਨਗੇ। ਉਹ Maths Kit ਦੀ ਤਿਆਰੀ ਅਤੇ English Kit ਦੀ ਵਰਤੋਂ, PPT Presentation ਨਾਲ co-relate ਕਰਕੇ ਟ੍ਰੇਨਿੰਗ ਦੀ ਤਿਆਰੀ ਕਰਨਗੇ ਅਤੇ ਮੁੱਖ ਦਫਤਰ ਨੂੰ ਸੂਚਿਤ ਕਰਨਗੇ।

b) <u>Preparation of T.L.M (Teaching Learning Material)</u>

EPDC ਅਤੇ DMC ਆਪਣੇ ਜ਼ਿਲ੍ਹੇ ਲਈ ਆਪਣੇ ਪੱਧਰ ਛੇਵੀਂ ਤੋਂ ਅੱਠਵੀਂ ਤੱਕ ਦੇ ਸਲੇਬਸ ਦੇ ਮੁਤਾਬਿਕ ਅੰਗ੍ਰੇਜ਼ੀ ਅਤੇ ਗਣਿਤ ਕਿੱਟ ਤੋਂ ਇਲਾਵਾ ਪ੍ਰਭਾਵਸ਼ਾਲੀ T.L.M ਤਿਆਰ ਕਰਨਗੇ ਤਾਂ ਜੋ ਇਸ ਨੂੰ ਟੀਚਰ ਟ੍ਰੇਨਿੰਗ ਦਾ ਜਰੂਰੀ ਹਿੱਸਾ ਬਣਾਇਆ ਜਾ ਸਕੇ।

c) <u>Preparation of Testing Tools</u>

EPDC ਅਤੇ DMC ਆਪਣੇ ਜ਼ਿਲ੍ਹੇ ਲਈ ਆਪਣੇ ਪੱਧਰ ਛੇਵੀਂ ਤੋਂ ਅੱਠਵੀਂ ਤੱਕ Minimal levels of Competencies/Targets ਦੇ ਮੁਤਾਬਿਕ Testing Tools ਦੇ 3 ਸੈਟ ਤਿਆਰ ਕਰਨਗੇ ਜੋ ਕਿ Pre Mid Testing, Mid Testing ਅਤੇ Post Testing ਲਈ ਵਰਤੇ ਜਾਣਗੇ।

d) <u>Recruitment of New EMTs & MMTs</u>

EPDC ਅਤੇ DMC, DEO(S.E), Dy DEO(S.E) ਅਤੇ GISTC Principal ਦੀ ਕਮੇਟੀ ਬਣਾ ਕੇ ਆਪਣੇ ਜ਼ਿਲ੍ਹੇ ਲਈ ਨਵੇਂ EMTs ਅਤੇ MMTs ਦੀ ਚੋਣ ਕਰਨਗੇ।

e) <u>Analysis of Competetions held in 2010-11</u>

ਇਹਨਾਂ ਪ੍ਰੋਜੈਕਟਾਂ ਤਹਿਤ ਗੁਣਾਤਮਕ ਸੁਧਾਰ ਅਧੀਨ ਸਾਲ 2010-11 ਵਿੱਚ ਹੋਏ Competetions ਦਾ analysis ਕਰਦੇ ਹੋਏ ਸਾਲ 2011-12 ਲਈ Competetions ਕਰਵਾਉਣ ਲਈ strategy ਅਤੇ Action Plan ਬਣਾਉਣਗੇ।

f) <u>Training of D.R.G (District Resource Group) by S.R.G (State Resource Group)</u>

English S.R.G ਵੱਲੋਂ ਟ੍ਰੇਨਿੰਗ 24-03-2011 ਤੋਂ 25-03-2011 ਤੱਕ ਦਿੱਤੀ ਜਾਵੇਗੀ ਅਤੇ Maths S.R.G ਵੱਲੋਂ ਟ੍ਰੇਨਿੰਗ 29-03-2011 ਤੋਂ 30-03-2011 ਤੱਕ ਦਿੱਤੀ ਜਾਵੇਗੀ।

6.0 ਇਨ੍ਹਾਂ ਉਪਰੋਕਤ ਮੁੱਦਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੂਹ ਡੀ.ਐਮ.ਸੀ.,ਈ.ਪੀ.ਡੀ.ਸੀ.,ਐਮ.ਐਮ.ਟੀਜ਼, ਈ.ਐਮ.ਟੀਜ਼.ਨੂੰ ਪ੍ਰੀਖਿਆ ਦੀਆਂ ਡਿਊਟੀਆਂ ਤੋਂ ਫਾਰਗ ਰੱਖਿਆ ਜਾਵੇ ਤਾਂ ਜੋ ਆਪਣੇ ਕੁਆਲਟੀ ਪ੍ਰੋਗਰਾਮ ਦਾ ਪੂਰਾ ਫੋਕਸ ਕਰ ਸਕਣ।

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ**

**ਉਤਾਰਾ: ਮੀਮੋ ਨੰ: ਸਸਅ/(ਅੰਗ੍ਰੇਜ਼ੀ ਅਤੇ ਮੈਥਸ)/17783 ਮਿਤੀ 8-03-2011**

**1. ਡੀ.ਐਮ.(ਐਮ.ਆਈ.ਐਸ) ਨੂੰ ਵੈਬਸਾਈਟ ਤੇ ਪਾਉਣ ਲਈ ।**

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ**